ਏਸ਼ੀਅਨ ਅਮੇਰਿਕਨ ਲੀਗਲ ਡਿਫੈਂਸ ਐਂਡ ਐਜੁਕੇਸ਼ਨ ਫੰਡ
99 HUDSON STREET, 12th FL, NEW YORK, NY 10013-2815 212.966.5932 ਫੈਕਸ 212.966.4303

# ਮੇਰੇ ਲਈ ਓਬਾਮਾ ਦੀ "ਸਥਗਿਤ ਕਾਰਵਾਈ (Deferred Action") ਦਾ ਕੀ ਮਤਲਬ ਹੈ?

ਪਾਤਰ ਜਵਾਨ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਰੋਕਣ ਲਈ ਰਾਸ਼ਟਰਪਤੀ ਓਬਾਮਾ ਨੇ 15 ਜੂਨ, 2012 ਨੂੰ "ਸਥਗਿਤ ਕਾਰਵਾਈ" ਦਾ ਦਰਜ਼ਾ ਦਿੱਤਾ ਹੈ। ਪਰ, ਸਥਗਿਤ ਕਾਰਵਾਈ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਗ੍ਰੀਨ ਕਾਰਡ ਜਾਂ ਨਾਗਰਿਕਤਾ ਮਿਲ ਸਕਦੀ ਹੈ।

| **ਪਾਤਰਤਾ ਦੇ ਮਾਪਦੰਡ**<br>ਤੁਸੀਂ ਸਥਗਿਤ ਕਾਰਵਾਈ ਲਈ ਪਾਤਰ ਹੋ ਸਕਦੇ ਹੋ ਜੇ ਤੁਸੀਂ: | **ਪਰ ਰੁਕੋ**! ਹੋ ਸਕਦਾ ਹੈ ਕਿ ਤੁਸੀਂ ਪਾਤਰ ਨਾ ਹੋਵੋ ਜੇ ਤੁਸੀਂ ਇਮੀਗ੍ਰੇਸ਼ਨ ਸਬੰਧੀ ਉਲੰਘਣਾਵਾਂ ਕੀਤੀਆਂ ਹਨ। ਕਿਸੇ ਅਟਾਰਨੀ ਨਾਲ ਸਲਾਹ ਕਰੋ ਜੇ ਤੁਸੀਂ: |
|---|---|
| 1. ਘੱਟੋ-ਘੱਟ 15 ਸਾਲ ਦੇ ਹੋਵੋ ਅਤੇ 15 ਜੂਨ, 2012 ਨੂੰ 31 ਸਾਲ ਤੋਂ ਘੱਟ ਉਮਰ ਦੇ ਸੀ;<br>2. 16 ਸਾਲ ਦੀ ਉਮਰ ਦੇ ਹੋਣ ਤੋਂ ਪਹਿਲਾਂ ਅਮਰੀਕਾ ਆਏ;<br>3. 15 ਜੂਨ, 2007 ਤੋਂ ਲਗਾਤਾਰ ਅਮਰੀਕਾ ਵਿੱਚ ਰਹਿ ਰਹੇ ਹੋ;<br>4. 15 ਜੂਨ, 2012 ਨੂੰ ਅਤੇ ਦਰਖਾਸਤ ਦੇਣ ਸਮੇਂ ਅਮਰੀਕਾ ਵਿੱਚ ਮੌਜੂਦ ਸੀ;<br>5. 15 ਜੂਨ, 2012 ਨੂੰ ਬਿਨਾਂ ਕਨੂੰਨੀ ਦਰਜੇ ਦੇ ਸੀ; ਅਤੇ<br>6. ਹੁਣ ਕਿਸੇ ਸਕੂਲ ਵਿੱਚ ਹੋ, ਹਾਈ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ, GED ਪ੍ਰਾਪਤ ਕੀਤੀ, ਕਿਸੇ ਐਸੋਸਿਏਟ ਜਾਂ ਬੈਚਲਰ ਦੀ ਡਿਗਰੀ ਦੇ ਨਾਲ ਸਿੱਖਿਆ ਪ੍ਰਾਪਤ ਕੀਤੀ ਹੈ, ਜਾਂ ਕੋਸਟ ਗਾਰਡ ਜਾਂ ਆਰਮਡ ਫੋਰਸ ਦੇ ਸਤਿਕਾਰਯੋਗ ਢੰਗ ਨਾਲ ਕੱਢੇ ਪੁਰਾਣੇ ਸਿਪਾਹੀ ਹੋ। | ➢ ਕਿਸੇ ਅਜਿਹੇ ਅਪਰਾਧ, ਦੰਡਯੋਗ ਅਪਰਾਧ ਦੇ ਦੋਸ਼ੀ ਪਾਏ ਜਾਂਦੇ ਹੋ ਜਿਸ ਲਈ 1 ਸਾਲ ਤੋਂ ਵੱਧ ਜੇਲ੍ਹ ਹੋ ਸਕਦੀ ਹੈ;<br>➢ ਕਿਸੇ ਮਹੱਤਵਪੂਰਨ ਅਪਰਾਧ, ਦੰਡਯੋਗ ਅਪਰਾਧ ਦੇ ਦੋਸ਼ੀ ਪਾਏ ਜਾਂਦੇ ਹੋ ਜਿਸ ਲਈ 6 ਦਿਨ ਤੋਂ 1 ਸਾਲ ਤਕ ਦੀ ਜੇਲ੍ਹ ਹੋ ਸਕਦੀ ਹੈ ਅਤੇ ਇਸ ਵਿੱਚ ਸ਼ਾਮਲ ਹਨ: ਘਰੇਲੂ ਹਿੰਸਾ, ਯੋਨ ਸ਼ੋਸ਼ਨ ਜਾਂ ਸ਼ੋਸ਼ਨ, ਚੋਰੀ, ਅਵੈਧ ਕਬਜ਼ਾ ਜਾਂ ਕਿਸੇ ਹਥਿਆਰ ਦੀ ਵਰਤੋਂ ਕਰਨਾ, ਨਸ਼ੀਲੇ ਪਦਾਰਥ ਵੰਡਨਾ ਜਾਂ ਗੈਰ-ਕਨੂੰਨੀ ਵਪਾਰ ਕਰਨਾ, DUI, ਜਾਂ ਕੋਈ ਵੀ ਅਜਿਹਾ ਅਪਰਾਧ ਜਿਸ ਲਈ ਤੁਹਾਨੂੰ 90 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਜੇਲ੍ਹ ਦੀ ਸਜ਼ਾ ਦਿੱਤੀ ਗਈ ਸੀ;<br>➢ 3 ਜਾਂ ਜ਼ਿਆਦਾ ਅਪਰਾਧਾਂ, ਛੋਟੇ ਅਪਰਾਧਾਂ ਦੇ ਦੋਸ਼ੀ ਪਾਏ ਗਏ ਹੋ; ਜਾਂ<br>➢ ਰਾਸ਼ਟਰੀ ਸੁਰੱਖਿਆ ਜਾਂ ਸਮਾਜਕ ਸੁਰੱਖਿਆ ਨੂੰ ਖਤਰਾ ਪਹੁੰਚਾਉਣ ਦਾ ਜਤਨ ਕਰਦੇ ਹੋ। |
| **ਸਥਗਿਤ ਕਾਰਵਾਈ ਲਈ ਦਰਖਾਸਤਾਂ ਹੁਣ http://www.uscis.gov/humanitarian/consideration-deferred-action-childhood-arrivals-daca ਤੇ ਉਪਲਬਧ ਹਨ।** | |

## ਫਾਇਦੇ

ਸਥਗਿਤ ਕਾਰਵਾਈ ਤੁਹਾਨੂੰ ਦੇਸ਼ ਨਿਕਾਲਾ ਹੋਣ ਤੋਂ ਬਚਾਉਂਦੀ ਹੈ ਅਤੇ ਇਹ ਤੁਹਾਨੂੰ ਕੰਮ ਦੇ ਪਰਮਿਟ (ਵਰਕ ਪਰਮਿਟ) ਲਈ ਦਰਖਾਸਤ ਦੇਣ ਦੀ ਆਗਿਆ ਦਿੰਦੀ ਹੈ। ਇਸ ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੱਥੇ ਰਹਿੰਦੇ ਹੋ, ਪਾਤਰ ਵਿਦਿਆਰਥੀ ਡ੍ਰਾਈਵਰ ਲਾਇਸੈਂਸ ਅਤੇ ਸਮਾਜਕ ਸੁਰੱਖਿਆ ਨੰਬਰ ਲਈ ਵੀ ਦਰਖਾਸਤ ਦੇ ਸਕਦੇ ਹਨ। ਜੇ ਤੁਹਾਨੂੰ ਸਥਗਿਤ ਕਾਰਵਾਈ ਦਾ ਦਰਜਾ ਮਿਲ ਜਾਂਦਾ ਹੈ, ਤਾਂ ਤੁਸੀਂ ਕੁਝ ਪਰਿਸਥਿਤੀਆਂ ਵਿੱਚ ਸਫਰ ਵੀ ਕਰ ਸਕਦੇ ਹੋ।

## ਸੀਮਾਵਾਂ ਅਤੇ ਜੋਖਮ

ਸਥਗਿਤ ਕਾਰਵਾਈ ਨਾ ਹੀ ਗ੍ਰੀਨ ਕਾਰਡ ਹਾਸਲ ਕਰਨ ਦਾ ਰਸਤਾ ਹੈ ਅਤੇ ਨਾ ਹੀ ਨਾਗਰਿਕਤਾ ਨੂੰ ਹਾਸਲ ਕਰਨ ਦਾ। ਨਾਗਰਿਕਤਾ ਹਾਸਲ ਕਰਨ ਦਾ ਰਸਤਾ ਬਣਾਉਣ ਲਈ, ਕਾਂਗਰਸ ਨੂੰ ਡ੍ਰੀਮ ਐਕਟ ਜਾਂ ਹੋਰ ਕਨੂੰਨ ਪਾਰਿਤ ਕਰਨਾ ਹੋਵੇਗਾ ਜੋ ਉਨ੍ਹਾਂ ਇਮੀਗ੍ਰੇਸ਼ਨ ਜਵਾਨਾਂ ਤੇ ਲਾਗੂ ਹੋਵੇਗਾ, ਜੋ ਬੱਚਿਆਂ ਦੇ ਤੌਰ ਤੇ ਅਮਰੀਕਾ ਆਏ ਸਨ। ਸਥਗਿਤ ਕਾਰਵਾਈ ਦੋ ਸਾਲਾਂ ਲਈ ਉਪਲਬਧ ਹੈ। ਦੋ ਸਾਲਾਂ ਦੇ ਅੰਤ ਤੇ ਆਪਣੀ ਦਰਖਾਸਤ ਨੂੰ ਮੁੜ ਨਵਾਂ ਕਰਾਉਣ ਲਈ, ਤੁਹਾਡਾ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਦਰਖਾਸਤ ਦੇਣਾ ਜ਼ਰੂਰੀ ਹੈ। ਭਾਵੇਂ ਜੇ ਤੁਸੀਂ ਪਾਤਰਤਾ ਦੇ ਮਾਪਦੰਡ ਨੂੰ ਪੂਰਾ ਕਰਦੇ ਹੋ, ਸਥਗਿਤ ਕਾਰਵਾਈ ਦੀ ਗਰੰਟੀ ਨਹੀਂ ਦਿੱਤੀ ਜਾਂਦੀ ਹੈ ਅਤੇ ਇਹ ਕਿਸੇ ਵੀ ਸਮੇਂ ਤੇ ਸਮਾਪਤ ਹੋ ਸਕਦੀ ਹੈ। ਕੋਈ ਵੀ ਅਪੀਲ ਪ੍ਰਕਿਰਿਆਵਾਂ ਨਹੀਂ ਹਨ। ਜੇ ਤੁਸੀਂ ਦਰਖਾਸਤ ਦਿੰਦੇ ਹੋ ਅਤੇ ਮੁਢਲੀਆਂ ਪਾਤਰਤਾ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਜਾਂ ਤੁਸੀਂ ਗੰਭੀਰ ਇਮੀਗ੍ਰੇਸ਼ਨ ਉਲੰਘਣਾਵਾਂ ਕੀਤੀਆਂ ਹਨ, ਤਾਂ ਸਰਕਾਰ ਦੇਸ਼-ਨਿਕਾਲੇ (ਨਿਕਾਲਣ) ਦੀਆਂ ਕਾਰਵਾਈਆਂ ਸ਼ੁਰੂ ਕਰ ਸਕਦੀ ਹੈ।

© 2014 AALDEF ਏਸ਼ੀਅਨ ਅਮੇਰਿਕਨ ਲੀਗਲ ਡਿਫੈਂਸ ਐਂਡ ਐਜੁਕੇਸ਼ਨ ਫੰਡ – DACA Fact Sheet (Punjabi)

**ਦਰਖਾਸਤ ਕਿਵੇਂ ਦੇਣੀ ਹੈ**

www.uscis.gov/childhoodarrivals ਤੇ ਹਿਦਾਇਤਾਂ ਅਤੇ ਫਾਰਮਾਂ ਲਈ ਜਾਉ। ਦਰਖਾਸਤ ਦੇਣ ਲਈ, ਤੁਹਾਨੂੰ ਸਥਗਿਤ ਕਾਰਵਾਈ ਫਾਰਮ (I-821D), ਸਹਾਇਕ ਦਸਤਾਵੇਜ਼, ਰੁਜ਼ਗਾਰ ਅਨੁਮਤੀ ਫਾਰਮ ਅਤੇ ਕਾਰਜ-ਪੱਤਰ (I-765 ਅਤੇ I-765WS), ਅਤੇ 2 ਪਾਸਪੋਰਟ ਆਕਾਰ ਦੀਆਂ ਫੋਟੋਆਂ ਨੂੰ ਜਮ੍ਹਾਂ ਕਰਵਾਉਣ ਦੀ ਲੋੜ ਹੈ।
ਸਹਾਇਕ ਦਸਤਾਵੇਜ਼ਾਂ ਨੂੰ ਚਾਰਟ ਵਿੱਚ 6 ਪਾਤਰਤਾ ਮਾਪਦੰਡਾਂ ਨੂੰ ਸਾਬਤ ਕਰਨਾ ਚਾਹੀਦਾ ਹੈ। ਉਨ੍ਹਾਂ ਦਸਤਾਵੇਜ਼ਾਂ ਨੂੰ ਇਕੱਤਰ ਕਰਨ ਲਈ "ਸਹਾਇਕ ਦਸਤਾਵੇਜ਼ਾਂ ਦੀ ਜਾਂਚ ਸੂਚੀ" ਦੀ ਵਰਤੋਂ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋਵੇਗੀ।

**ਦਰਖਾਸਤ ਕਿੱਥੇ ਦੇਣੀ ਹੈ**

ਤੁਹਾਡੀ ਦਰਖਾਸਤ ਭੇਜਣ ਲਈ ਪਤਾ ਉਸ ਪ੍ਰਦੇਸ਼ ਤੇ ਨਿਰਭਰ ਕਰਦਾ ਹੈ ਜਿੱਥੇ ਤੁਸੀਂ ਰਹਿੰਦੇ ਹੋ। www.ucsis.gov/childhoodarrivals ਦੀ ਜਾਂਚ ਕਰੋ।

**ਦਰਖਾਸਤ ਦੀਆਂ ਲਾਗਤਾਂ**

DACA ਐਪਲਿਕੇਸ਼ਨ ਲਈ ਕਿਸੇ ਵੀ ਫੀਸ ਦੀ ਲੋੜ ਨਹੀਂ ਹੈ, ਪਰ ਤੁਹਾਡੇ ਕੰਮ ਦੇ ਪਰਮਿਟ ਅਤੇ ਫਿੰਗਰਪ੍ਰਿੰਟ ਦੀ ਲੋੜ ਲਈ - "U.S. Department of Homeland Security" ਨੂੰ ਭੁਗਤਾਨਯੋਗ, $465 ਦੀ ਕੁੱਲ ਫੀਸ ਜਮ੍ਹਾਂ ਕਰਾਉਣਾ ਲਾਜ਼ਮੀ ਹੈ।

**ਸਹਾਇਕ ਦਸਤਾਵੇਜ਼ਾਂ ਦੀ ਜਾਂਚਸੂਚੀ**

- ☐ ਤੁਹਾਡੇ ਮੂਲ ਦੇਸ਼ ਤੋਂ ਪਾਸਪੋਰਟ
- ☐ ਜਨਮ ਪ੍ਰਮਾਣ-ਪੱਤਰ
- ☐ ਸਫਰ ਸਬੰਧੀ ਦਸਤਾਵੇਜ਼
- ☐ ਵਿੱਤੀ ਰਿਕਾਰਡ, ਜਿਵੇਂ ਕਿ ਬੈਂਕ ਸਟੇਟਮੈਂਟ, ਟੈਕਸ ਰਿਟਰਨਾਂ
- ☐ ਉਪਯੋਗਤਾ ਬਿਲ
- ☐ ਸਕੂਲ ਦੇ ਰਿਕਾਰਡ
- ☐ ਡਿਪਲੋਮਾ, GED ਪ੍ਰਮਾਣ-ਪੱਤਰ
- ☐ ਰਿਪੋਰਟ ਕਾਰਡ ਅਤੇ ਪ੍ਰਤੀਲਿਪੀਆਂ
- ☐ ਮੈਡੀਕਲ ਰਿਕਾਰਡ
- ☐ ਫੌਜੀ ਰਿਕਾਰਡ (ਕਰਮਚਾਰੀ, ਸਿਹਤ)
- ☐ ਕਿਸੇ ਵੀ ਅੰਤਿਮ ਆਦੇਸ਼ਾਂ ਜਾਂ ਹਟਾਉਣ ਜਾਂ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀਆਂ ਨਕਲਾਂ
- ☐ ਅਪਰਾਧਿਕ ਰਿਕਾਰਡਾਂ ਜਾਂ ਕਿਸੇ ਅਪਰਾਧਿਕ ਗਿਰਫਤਾਰੀ ਤੇ ਅਦਾਲਤੀ ਫੈਸਲਿਆਂ ਦੀਆਂ ਨਕਲਾਂ
- ☐ ਭਾਈਚਾਰੇ ਵਲੋਂ ਸਮਰਥਨ ਪੱਤਰ
- ☐ ਅਜਿਹੇ ਦਸਤਾਵੇਜ਼ ਜੋ ਤੁਹਾਡੇ ਪੱਖ ਵਿੱਚ ਕਾਰਕਾਂ ਨੂੰ ਦਰਸ਼ਾਉਂਦੇ ਹਨ, ਜਿਵੇਂ ਕਿ ਭਾਈਚਾਰਕ ਬੰਧਨ, ਗਤੀਵਿਧੀਆਂ, ਇਨਾਮ

ਕਿਸੇ ਵੀ ਸੰਭਾਵਿਤ ਘੋਟਾਲਿਆਂ ਅਤੇ ਧੋਖਿਆਂ ਤੋਂ **ਸਾਵਧਾਨ**! ਤੁਹਾਨੂੰ ਇਸ ਦਰਖਾਸਤ ਵਿੱਚ ਮਦਦ ਲਈ ਕਿਸੇ ਨੂੰ ਕੁਝ ਵੀ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਬਹੁਤ ਸਾਰੀਆਂ ਸੰਸਥਾਵਾਂ ਮੁਫਤ ਕਨੂੰਨੀ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ।

ਜਵਾਨ ਵਿਅਕਤੀ ਦੇ **ਪਰਿਵਾਰਕ ਮੈਂਬਰ** ਸਥਗਿਤ ਕਾਰਵਾਈ ਲਈ ਉਦੋਂ ਤਕ ਪਾਤਰ ਨਹੀਂ ਹਨ ਜਦੋਂ ਤਕ ਪਰਿਵਾਰਕ ਮੈਂਬਰ ਖੁਦ ਪਾਤਰਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ।

**ਨਵੀਨੀਕਰਨ ਕਿਵੇਂ ਕੀਤਾ ਜਾਏ**

ਜੇ ਤੁਹਾਡੇ ਕੋਲ ਪਹਿਲਾਂ ਤੋਂ ਹੀ DACA ਹੈ, ਤਾਂ ਆਪਣੀ ਨਵੀਕਰਨ (ਰਿਨਿਉ) ਅਰਜ਼ੀ ਨੂੰ ਸਥਗਿਤ ਕਾਰਵਾਈ ਦੀ ਅਵਧੀ ਖਤਮ ਹੋਣ ਤੋਂ ਘੱਟੋ-ਘੱਟ 120 ਦਿਨ (4 ਮਹੀਨੇ) ਅਤੇ ਅਧਿਕਤਮ 150 ਦਿਨ (5 ਮਹੀਨੇ) ਪਹਿਲਾਂ ਜਮ੍ਹਾਂ ਕਰਵਾਉ। ਨਵੀਨੀਕਰਨ ਲਈ, ਇੱਕ ਨਵਾਂ I-821D, I-765, ਅਤੇ I-765WS ਨੂੰ ਇੱਕ ਹੋਰ $465 ਦੀ ਫੀਸ ਦੇ ਨਾਲ ਜਮ੍ਹਾਂ ਕਰੋ। ਤੁਹਾਨੂੰ ਸਹਾਇਕ ਦਸਤਾਵੇਜ਼ਾਂ ਨੂੰ ਦੁਬਾਰਾ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਹੈ ਜੇ ਤੁਹਾਡੇ ਨਵੇਂ ਇਮੀਗ੍ਰੇਸ਼ਨ ਅਤੇ ਅਪਰਾਧਿਕ ਇਤਿਹਾਸ ਦੇ ਦਸਤਾਵੇਜ਼ ਹਨ ਜੋ ਪਹਿਲਾਂ ਜਮ੍ਹਾਂ ਨਹੀਂ ਕਰਵਾਏ। ਨਿਰਦੇਸ਼ ਅਤੇ ਫਾਰਮ www.uscis.gov/childhoodarrivals ਤੇ ਉਪਲਬਧ ਹਨ।

**ਹੋਰ ਜਾਣਕਾਰੀ ਲਈ AALDEF** ਦੇ ਅਕਸਰ ਪੁੱਛੇ ਜਾਂਦੇ ਸਵਾਲਾਂ ਤੋਂ DACA ਬਾਰੇ ਹੋਰ ਜਾਣਨ ਲਈ ਇੱਥੇ ਜਾਉ:
**http://aaldef.org/obamas-dream-act-directive-on-deferred-action----faqs.html**

**ਮੁਫਤ ਕਨੂੰਨੀ ਸਲਾਹ ਅਤੇ ਸਮਰਥਨ** AALDEF ਨੂੰ (212) 966-5932 ਜਾਂ info@aaldef.org ਤੇ ਸੰਪਰਕ ਕਰੋ। AALDEF ਸਲਾਹ ਅਤੇ ਦਰਖਾਸਤ ਲਈ ਮੁਫਤ DACA ਕਨੂੰਨੀ ਕਲੀਨਿਕਾਂ ਦਾ ਅਯੋਜਨ ਕਰਦਾ ਹੈ। AALDEF ਬਿਨਾਂ ਦਸਤਾਵੇਜ਼ਾਂ ਵਾਲੇ ਏਸ਼ੀਅਨ ਅਮਰੀਕਨ ਯੁਵਕਾਂ ਨੂੰ ਮੁਨਾਸਬ ਇਮੀਗ੍ਰੇਸ਼ਨ ਪਾਲਿਸੀਆਂ ਲਈ ਸੁਰੱਖਿਅਤ ਜਗ੍ਹਾ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਨੌਜਵਾਨ ਸਮੂਹ ਆਯੋਜਿਤ ਕਰਦਾ ਹੈ। ਹੋਰ ਜਾਣਕਾਰੀ ਲਈ ਸਾਨੂੰ ਈਮੇਲ ਜਾਂ ਕਾਲ ਕਰੋ।

© 2014 AALDEF ਏਸ਼ੀਅਨ ਅਮੇਰਿਕਨ ਲੀਗਲ ਡਿਫੈਂਸ ਐਂਡ ਐਜੁਕੇਸ਼ਨ ਫੰਡ – DACA Fact Sheet (Punjabi)